8

# ਬਾਈਬਲ ਦਾ ਨਿਰਾਲਾਪਨ

''ਆਤਮਾ ਦੀ ਪ੍ਰੇਰਣਾ ਨਾਲ ਲਿਖੀਆਂ ਹੋਰ ਬਹੁਤ ਸਾਰੀਆਂ ਕਿਤਾਬਾਂ ਵਿੱਚੋਂ ਬਾਈਬਲ ਇਕ ਹੈ'' ਅਜਿਹਾ ਵਾਕ ਹੈ ਜਿਹਦੀ ਵਰਤੋਂ ਕਿਤਾਬਾਂ ਦੀ ਇਸ ਕਿਤਾਬ ਦੀ ਨਿੰਦਿਆ ਲਈ ਕੀਤੀ ਜਾਂਦੀ ਹੈ। ਪਰ ਅਜਿਹਾ ਕਥਨ ਸਿਰਫ਼ ਉਨ੍ਹਾਂ ਨੂੰ ਹੀ ਪ੍ਰਭਾਵਤ ਕਰਦਾ ਹੈ ਜੋ ਖੋਜ ਨਹੀਂ ਕਰਦੇ।

ਧਰਮ ਦੀਆਂ ਹੋਰ ਕਿਤਾਬਾਂ ਐਨੀਆਂ ਹੇਠਾਂ ਹਨ ਕਿ ਉਨ੍ਹਾਂ ਨਾਲ ਇਹਦੀ ਤੁਲਨਾ ਦੀ ਬਜਾਏ ਫ਼ਰਕ ਕਰਨਾ ਬਹੁਤਾ ਵਿਹਾਰਕ ਹੋਵੇਗਾ। ਲੋਕਾਂ ਦੀਆਂ ਜ਼ਿੰਦਗੀਆਂ ਵਿਚ ਅਸਰ ਅਤੇ ਸਮੱਗਰੀ ਦੇ ਨਜ਼ਰੀਏ ਤੋਂ, ਹੋਰ ਧਾਰਮਿਕ ਕਿਤਾਬਾਂ ਨੂੰ ਬਾਈਬਲ ਦੇ ਮੁਕਾਬਲੇ ਨਹੀਂ ਰੱਖਿਆ ਜਾ ਸਕਦਾ। ਜੇਕਰ ਤੁਸੀਂ ਰੱਖਣਾ ਵੀ ਚਾਹੋ ਤਾਂ ਆਪਣੀ ਮੇਜ਼ ਦੇ ਖੱਬੇ ਇਹਦਾ ਢੇਰ ਲਾ ਲਓ; ਪਰ ਆਪਣੀ ਪਵਿੱਤਰ ਬਾਈਬਲ ਨੂੰ, ਇਕੱਲੀ ਕਾਫ਼ੀ ਦੂਰ ਸੱਜੇ ਪਾਸੇ ਰੱਖੋ। ਕਹਿੰਦੇ ਹਨ ਕਿ ਮਸੀਹੀਅਤ ਅਤੇ ਹੋਰ ਧਰਮਾਂ ਦਾ ਫ਼ਾਸਲਾ ਕਦੇ ਨਾ ਖ਼ਤਮ ਹੋਣ ਵਾਲਾ ਫ਼ਾਸਲਾ ਹੈ।

ਅਸੀਂ ਵੇਖਿਆ ਹੈ ਕਿ ਕਿਵੇਂ ਬਾਈਬਲ ਦੀਆਂ ਛਿਆਹਠ ਕਿਤਾਬਾਂ ਇੱਕੋ ਮਕਸਦ ਨੂੰ ਪੂਰਾ ਕਰਦੀਆਂ ਹਨ। ਲਗਭਗ ਚਾਲ਼ੀ ਲੋਕਾਂ ਰਾਹੀਂ ਲਿਖੇ ਜਾਣ ਦੇ ਬਾਵਜੂਦ, ਉਨ੍ਹਾਂ ਵਿਚ ਇਕ ਹੈਰਾਨੀਜਨਕ ਏਕਤਾ ਮਿਲਦੀ ਹੈ। ਇਹਦੇ ਮੁਕਾਬਲੇ ਹੋਰ ਧਰਮਾਂ ਦੀਆਂ ਅਖੌਤੀ ਸਾਰੀਆਂ ਪਵਿੱਤਰ ਕਿਤਾਬਾਂ ਮਿਲ ਕੇ ਸਪੱਸ਼ਟ ਗੱਲ ਨਹੀਂ ਕਰ ਪਾਉਂਦੀਆਂ ਹਨ।

ਬਾਈਬਲ ਦੀ ਕਹਾਣੀ ਸਿਰਫ਼ ਇਕ ਇਕਾਈ ਹੀ ਨਹੀਂ ਹੈ, ਜੋ ਕਿ ਚੰਗਾ ਸੰਕੇਤ ਹੈ। ਸਗੋਂ ਸੈਂਕੜੇ ਵਾਰ ਬਾਈਬਲ ਭਵਿੱਖ ਦੇ ਬਾਰੇ ਨਬੂਵਤ ਕਰਨ ਦੀ ਹਿੰਮਤ ਕਰਦੀ ਹੈ। ਸਪੱਸ਼ਟ ਤੌਰ 'ਤੇ ਨਬੂਵਤ ਦੇ ਦਾਇਰੇ ਵਿਚ ਸਚਮੁਚ ਦੀ ਪ੍ਰੇਰਣਾ ਅਤੇ ਬਨਾਵਟੀ ਪ੍ਰੇਰਣਾ ਵਿਚ ਘਰਕ ਨੂੰ ਇਕ ਦਮ ਪਛਾਣਿਆ ਜਾ ਸਕਦਾ ਹੈ। ਬਾਈਬਲ ਨੂੰ ਹੋਰ ਧਰਮਾਂ ਦੀਆਂ ਕਿਤਾਬਾਂ ਨਾਲ ਮਿਲਾਉਣ ਵਾਲੇ ਕਦੇ ਵੀ ਦੂਜੀਆਂ ਕਿਤਾਬਾਂ ਦੀਆਂ ਨਬੂਵਤਾਂ ਦੀ ਗੱਲ ਨਹੀਂ ਕਰਦੇ, ਕਿਉਂਕਿ ਉਨ੍ਹਾਂ ਵਿਚ ਨਬੂਵਤਾਂ ਹੈ ਹੀ ਨਹੀਂ। ਪਰ ਹਜ਼ਾਰਾਂ ਸਾਲ ਪਹਿਲਾਂ ਕੀਤੀਆਂ ਗਈਆਂ ਬਾਈਬਲ ਦੀਆਂ ਨਬੂਵਤਾਂ ਹੈਰਾਨੀਜਨਕ ਢੰਗ ਨਾਲ ਪੂਰੀਆਂ ਹੋਈਆਂ ਹਨ।

ਕਿਸੇ ਕਥਿਤ ਪਵਿੱਤਰ ਪੁਸਤਕ ਨਾਲੋਂ ਬਾਈਬਲ ਦੀ ਉੱਤਮਤਾ ਦਾ ਇਕ ਹੋਰ ਨਿਸ਼ਾਨ ਸਿੱਖਿਆ ਦਾ ਇਹਦਾ ਪੱਧਰ ਹੈ। ''ਦੁਨੀਆਂ ਦੇ ਪ੍ਰਮੁੱਖ ਧਰਮਾਂ ਦੀਆਂ ਕਿਤਾਬਾਂ ਅਤੇ ਸਿੱਖਿਆਵਾਂ'' ਚਾਰਟ ਤੋਂ ਹਿੰਦੂ ਧਰਮ, ਬੁੱਧ ਧਰਮ, ਜਪਾਨ ਦੇ ਰਾਜ ਧਰਮ, ਜ਼ਰਤੁਸ਼ਤ (ਪ੍ਰਾਚੀਨ ਇਰਾਨੀ) ਧਰਮ, ਕੰਫ਼ਿਊਸ਼ਸੀ ਮਤ, ਇਸਲਾਮ ਅਤੇ ਮਸੀਹੀ ਧਰਮ ਦੀਆਂ ਮਹੱਤਵਪੂਰਣ ਸਿੱਖਿਆਵਾਂ ਦਾ ਪਤਾ ਲਗਦਾ ਹੈ।

## ਉੱਚ ਪਿਤਾ

ਸਿਰਫ਼ ਬਾਈਬਲ ਹੀ ਖ਼ੁਦਾ ਨੂੰ ਪਵਿੱਤਰ, ਦਿਆਲੂ ਅਤੇ ਦਿਲਚਸਪੀ ਲੈਣ ਵਾਲੇ ਪਿਤਾ ਦੇ ਤੌਰ 'ਤੇ ਵਿਖਾਉਂਦੀ ਹੈ। ਸ਼ਬਦ ਵਿਚ ਹੋਏ ਜਾਂ ਆਤਮਾ ਵਿਚ, ਸਿਰਫ਼ ਬਾਈਬਲ ਵਿਚ ਹੀ ਯੂਹੰਨਾ 3:16 ਦੀ ਗੱਲ ਪਾਈ ਜਾਂਦੀ ਹੈ। ਬਾਈਬਲ ਦੇ ਧਰਮ ਨੂੰ ਛੱਡ ਕੇ ਕਿਤੇ ਵੀ, ਇਸ ਤੋਂ ਚੁਰਾਏ ਗਏ ਧਰਮਾਂ ਵਿਚ ਵੀ, ਖ਼ੁਦਾ ਦੀ ਪੂਰਣਤਾ ਦੀ ਪੂਰੀ ਤਸਵੀਰ ਨਹੀਂ ਹੈ।

ਸਿਰਫ਼ ਬਾਈਬਲ ਵਿਚ ਹੀ (ਅਤੇ ਬਾਈਬਲ ਦੇ ਅਸਰ ਵਾਲੇ ਧਰਮਾਂ ਵਿਚ ਹੀ) ਖ਼ੁਦਾ ਨੂੰ ਅਜ਼ਾਦ ਵਿਅਕਤੀ ਦੇ ਤੌਰ 'ਤੇ ਵਿਖਾਇਆ ਗਿਆ ਹੈ। ਹੋਰ ਧਾਰਮਿਕ ਪ੍ਰਬੰਧਾਂ ਵਿਚ ਸਰਵਉੱਚ ਈਸ਼ਵਰ ਵੱਲੋਂ ਵੀ ਆਪਣੀ ਸ਼ਕਤੀ ਨੂੰ ਆਪਣੇ ਤੋਂ ਛੋਟੇ ਈਸ਼ਵਰਾਂ ਵਿਚ ਵੰਡਦੇ ਵਿਖਾਇਆ ਗਿਆ ਹੈ। ਹਰ ਧਰਮ ਇਕ ਉੱਚ ਸੱਚਾਈ ਦੀ ਗੱਲ ਕਰਦਾ ਹੈ, ਪਰ ਇੱਕੋ ਧਰਮ ਹੈ ਜਿਹੜਾ ਨਿੱਜੀ ਖ਼ੁਦਾ ਭਾਵ ਪਿਆਰ ਕਰਨ ਵਾਲੇ ਖ਼ੁਦਾ, ਭਾਵ ਸਾਡੇ ਪਿਤਾ ਵਿਚ ਪਾਈ ਜਾਣ ਵਾਲੀ ਸੱਚਾਈ ਬਾਰੇ ਦੱਸਦਾ ਹੈ।

## ਉੱਚ ਮੁਕਤੀ ਦਾਤਾ

ਸਿਰਫ਼ ਬਾਈਬਲ ਹੀ ਇਕ ਨਿਰ ਸੁਆਰਥ ਵੱਡੇ ਭਾਈ ਨੂੰ ਆਪਣੇ ਭਾਈਆਂ ਲਈ ਆਪਣਾ ਸਭ ਕੁਝ ਦੇਣ ਦੀ ਗੱਲ ਕਰਦੀ ਹੈ। ਹਰ ਧਰਮ ਮਨੁੱਖ ਦੇ ਬਸਹਾਰਾ ਹੋਣ ਨੂੰ ਵਿਖਾਉਂਦਾ ਹੈ। ਸਿਰਫ਼ ਇੱਕੋ ਧਰਮ ਹੈ ਜੋ ਪ੍ਰਸਿੱਧ ਧਾਰਮਿਕ ਆਗੂਆਂ ਵਿੱਚੋਂ, ਸਿਰਫ਼ ਇੱਕੋ ਨੂੰ ਵਡਿਆਈ ਦਿੰਦਾ ਹੈ ਜਿਸ ਨੇ ਖ਼ੁਦਾ ਹੋਣ ਦਾ ਦਾਅਵਾ ਕੀਤਾ ਹੈ।

### ਇਕ ਉੱਚ ਜੀਵਨ

ਸਿਰਫ਼ ਬਾਈਬਲ ਹੀ ਵਿਸ਼ਵਵਿਆਪੀ ਭਾਈਚਾਰੇ, ਸਭ ਮਨੁੱਖਾਂ ਦੇ ਵੱਡ ਮੁੱਲੇ ਹੋਣ ਅਤੇ ਸਭ ਮਨੁੱਖਾਂ ਦੇ ਉੱਚ ਪੱਦ ਨੂੰ ਵਿਖਾਉਂਦੀ ਹੈ। ਇਹ ਮਨੁੱਖ ਦੀ ਨਮਰ, ਆਸ਼ਾਵਾਦੀ ਤਸਵੀਰ ਵਿਖਾਉਂਦੀ ਹੈ। ਕਿਸੇ ਹੋਰ ਪੁਸਤਕ ਵਿਚ ਇਕ ਸ਼ੁੱਧ ਅਤੇ ਅਹਿਸਾਨ ਫ਼ਰਾਮੋਸ਼ ਪਾਪੀ ਨੂੰ ਨਹੀਂ ਵਿਖਾਇਆ ਗਿਆ ਹੈ ਜਿਸ ਤੋਂ ਪਿਤਾ ਹੋਣ ਅਤੇ ਪੁੱਤਰ ਹੋਣ ਦੇ ਨਾਲ ਪਿਆਰ ਭਰਿਆ ਅਨੰਦ ਮਿਲਦਾ ਹੋਵੇ। ਹਰ ਧਰਮ ਵਿਚ ਮਨੁੱਖ ਦੀ ਨਿਰਭਰਤਾ ਵਿਖਾਈ ਦਿੰਦੀ ਹੈ, ਪਰ ਇੱਕੋ ਧਰਮ ਹੈ ਜਿਹੜਾ ਖ਼ੁਦਾ ਨਾਲ ਸੰਗਤੀ ਮੁਹੱਈਆ ਕਰਵਾਉਂਦਾ ਹੈ।

ਬਾਈਬਲ ਮਨੁੱਖੀ ਜ਼ਿੰਦਗੀ ਦੀ ਇਕ ਵਿਲੱਖਣ ਤਸਵੀਰ ਪੇਸ਼ ਕਰਦੀ ਹੈ ਜੋ ਸਸਤਾ ਅਤੇ ਨੀਵੇਂ ਦਰਜੇ ਦਾ ਨਹੀਂ ਹੈ; ਖ਼ੁਦਾ ਦਾ ਵਚਨ ਹੀ ਜ਼ਿੰਦਗੀ ਨੂੰ ਜਿਊਣ ਯੋਗ ਤੌਰ 'ਤੇ ਪੇਸ਼ ਕਰਦਾ ਹੈ। ਜਦਕਿ ਹੋਰ ਧਰਮਾਂ ਦੀਆਂ ਅਖੌਤੀ ਪਵਿੱਤਰ ਕਿਤਾਬਾਂ ਦਾ ਬੜਾ ਅਸਰ ਹੈ, ਪਰ ਅਸਰ, ਅਸਰ ਵਿਚ ਵੀ ਫ਼ਰਕ ਹੁੰਦਾ ਹੈ। ਬਾਈਬਲ ਦਾ ਉੱਪਰ ਉਠਾਉਣ ਵਾਲਾ ਸਾਊ ਬਣਾਉਣ ਵਾਲਾ ਅਸਰ ਹੋਰ ਧਰਮਾਂ ਵੱਲੋਂ ਨਹੀਂ ਬਣਾਇਆ ਜਾਂਦਾ। ਇੱਛਾ, ਪਵਿੱਤਰਤਾ, ਪ੍ਰੇਮ ਅਤੇ ਜੀਵਨ ਦੇ ਤੱਤ ਜਿਹੜੇ ਖ਼ਾਸ ਤੌਰ 'ਤੇ ਯਹੂਦੀ ਅਤੇ ਮਸੀਹੀ ਧਰਮ ਵਿਚ ਪਾਏ ਜਾਂਦੇ ਹਨ ਅਤੇ ਜਿਨ੍ਹਾਂ ਕਰਕੇ ਜ਼ਿੰਦਗੀ ਨਵੀਂ ਹੋ ਜਾਂਦੀ ਹੈ, ਉਨ੍ਹਾਂ ਨੂੰ ਕਿਸੇ ਹੋਰ ਧਰਮ ਤੋਂ ਵੱਖ ਕਰਦੇ ਹਨ। ਹੋਰ ਧਰਮ ਛੁਟਕਾਰਾ ਨਹੀਂ ਦੁਆਉਂਦੇ, ਸਗੋਂ ਨਿੱਜੀ ਅਤੇ ਸਮਾਜਿਕ ਜੀਵਨ ਵਿਚ ਵਿਘਨ ਹਨ। ਸਿਰਫ਼ ਬਾਈਬਲ ਹੀ ਵਾਸਤਵਿਕ ਪਵਿੱਤਰਤਾ ਖ਼ੁਦਾ ਪ੍ਰਤੀ ਨਿੱਜੀ ਸਮਰਪਣ ਨੂੰ ਵਿਖਾਉਂਦੀ ਹੈ। ਇਹ ਰੂਹਾਨੀ ਨਜ਼ਰੀਆ ਸਾਊ ਬਣਾਉਣ ਵਿਚ ਨਿਰਾਲੀ ਹੈ। ਹੋਰ ਧਰਮਾਂ ਵਿਚ ਬੁਰਾਈ

ਬਦਲੇ ਭਲਾਈ ਦਾ ਨਿਅਮ ਸਿਖਾਇਆ ਜਾਂਦਾ ਹੈ। ਪਰ ਕਿਤੇ ਵੀ ਬਾਈਬਲ ਦੀ ਮਸੀਹੀਅਤ ਵਾਂਗੂੰ ਨਹੀਂ ਸਿਖਾਇਆ ਜਾਂਦਾ। ਖ਼ੁਦਾ ਬਾਰੇ ਬਾਈਬਲ ਦਾ ਉੱਚ ਵਿਚਾਰ ਨੈਤਿਕ ਨਜ਼ਰੀਏ ਨੂੰ ਸਹੀ ਸੰਦਰਭ ਵਿਚ ਪਾਉਂਦਾ ਅਤੇ ਉਨ੍ਹਾਂ ਨੂੰ ਮੰਨਣ ਦਾ ਬੇਹੱਦ ਪ੍ਰਭਾਵਕਾਰੀ ਮਕਸਦ ਦਿੰਦਾ ਹੈ।

**ਇਕ ਉੱਚ ਅਨੰਤਕਾਲ**

ਮਸੀਹੀਅਤ ਹੋਰਨਾਂ ਧਰਮਾਂ ਵਿਚ ਪਾਈਆਂ ਜਾਣ ਵਾਲੀਆਂ ਬੁਰਾਈਆਂ ਤੋਂ ਬਰੀ ਹੈ। ਕਿਸੇ ਵੀ ਧਰਮ ਵਿਚ ਪਾਈ ਜਾਣ ਵਾਲੀ ਹਰ ਭਲਾਈ ਇਸ ਵਿਚ ਹੈ ਅਤੇ ਹੋਰ ਸਭ ਨਾਲੋਂ ਵਧਕੇ ਉਤੱਮਤਾਈਆਂ ਹਨ। ਮਸੀਹੀਅਤ ਦੀ ਉਤੱਮਤਾ ਨੂੰ ਪੂਰੀ ਤਰ੍ਹਾਂ ਹੋਰ ਧਰਮਾਂ ਨਾਲ ਫ਼ਰਕ ਕਰਨ 'ਤੇ ਵੀ ਵੇਖਿਆ ਜਾ ਸਕਦਾ ਹੈ। ਮਸੀਹੀਅਤ ਨੂੰ ਹੋਰ ਧਰਮਾਂ ਨਾਲ ਮਿਲਾਉਣ 'ਤੇ ਹਮੇਸ਼ਾ ਹੀ ਉਲਟ ਅਸਰ ਮਿਲਦਾ ਹੈ ਜਿਸ ਤੋਂ ਪਗਾ ਲਗਦਾ ਹੈ ਕਿ ਬਾਈਬਲ ਦੀ ਮਸੀਹੀਅਤ ਕਿੰਨੀ ਨਿਰਾਲੀ ਹੈ ਸਾਰੇ ਸੰਸਾਰ ਅਤੇ ਆਪਣੇ ਹੀ ਗੁਣ 'ਤੇ ਕਿਸੇ ਦੀ ਪਰਿਪੇਖਤਾ, ਇਸ ਧਰਤੀ ਉਤਲੇ ਜੀਵਨ ਅਤੇ ਆਉਣ ਵਾਲੇ ਜ਼ਿੰਦਗੀ ਵਿਚ ਉਸਦੀ ਆਤਮਾ 'ਤੇ ਮਸੀਹ ਦੀ ਸ਼ਕਤੀ ਨਾਲ ਸਦਾ-ਸਦਾ ਲਈ ਬਦਲ ਜਾਂਦੇ ਹਨ।

## ਸਾਰ

ਮਸੀਹੀਅਤ ਹੋਰਨਾਂ ਧਰਮਾਂ ਵਿਚ ਪਾਈ ਜਾਣ ਵਾਲੀ ਬੁਰਾਈ ਤੋਂ ਮੁਕਤ ਹੈ, ਇਸ ਵਿਚ ਕਿਸੇ ਵੀ ਧਰਮ ਵਿਚ ਮਿਲਣ ਵਾਲੀਆਂ ਭਲਿਆਈਆਂ ਹਨ ਅਤੇ ਹੋਰਨਾਂ ਨਾਲੋਂ ਕਿਤੇ ਵੱਧ ਇਸ ਵਿਚ ਸ੍ਰੇਸ਼ਟਤਾ ਹੈ। ਮਸੀਹੀਅਤ ਦੀ ਉੱਤਮਤਾ ਪੂਰੀ ਤਰ੍ਹਾਂ ਉਦੋਂ ਹੀ ਨਜ਼ਰ ਆਉਂਦੀ ਹੈ ਜਦ ਇਹਨੂੰ ਦੂਜੇ ਧਰਮਾਂ ਨਾਲੋਂ ਫ਼ਰਕ ਕਰਕੇ ਵੇਖਿਆ ਜਾਵੇ। ਮਸੀਹੀਅਤ ਨੂੰ ਹੋਰਨਾਂ ਧਰਮਾਂ ਨਾਲ ਮਿਲਾਉਣ ਦੀ ਕੋਸ਼ਿਸ਼ ਦਾ ਅਸਰ ਉਲਟਾ ਹੀ ਰਿਹਾ ਹੈ ਕਿ ਉਸ ਨਾਲ ਇਹੀ ਪਤਾ ਲਗਦਾ ਹੈ ਕਿ ਬਾਈਬਲ ਦੇ ਨਜ਼ਰੀਏ ਤੋਂ ਮਸੀਹੀਅਤ ਕਿਵੇਂ ਵੱਖਰੀ ਹੈ। ਪੂਰੀ ਦੁਨੀਆਂ ਦਾ ਨਜ਼ਰੀਆ ਅਤੇ ਆਦਮੀ ਦੀ ਆਪਣੀ ਕਦਰ ਦੋਵੇਂ ਹੀ ਇਸ ਜ਼ਿੰਦਗੀ ਵਿਚ ਅਤੇ ਆਉਣ ਵਾਲੀ ਜ਼ਿੰਦਗੀ ਵਿਚ ਉਹਦੀ ਆਤਮਾ 'ਤੇ ਮਸੀਹ ਦੀ ਮੁਕਤੀ ਲਗ ਜਾਣ ਵੇਲੇ ਹਮੇਸ਼ਾ ਲਈ ਬਦਲ ਜਾਂਦੀ ਹੈ।

| ਦੁਨੀਆਂ ਦੇ ਪ੍ਰਮੁੱਖ ਧਰਮਾਂ ਦੀਆ ਕਿਤਾਬਾਂ ਅਤੇ ਸਿੱਖਿਆਵਾਂ | | | | |
|---|---|---|---|---|
| **ਧਰਮ** | **ਧਾਰਮਿਕ ਕਿਤਾਬ** | **ਖ਼ੁਦਾਈ ਦੀ ਸਿੱਖਿਆ** | **ਮਨੁੱਖ ਦੀ ਸਿੱਖਿਆ** | **ਭਵਿੱਖ ਬਾਰੇ ਸਿੱਖਿਆ** |
| ਹਿੰਦੂ ਧਰਮ | ਵੇਦ | ਦੇਵਤਿਆਂ ਵਿਚ ਬੁਰਾਈ ਸਰਬ ਦੇਵ ਪੂਜਾ ਕਰੋੜਾਂ ਦੇਵਤੇ ਸ੍ਰਿਸ਼ਟੀ ਦੀ ਪੂਜਾ | ਜਾਤੀ ਪ੍ਰਥਾ ਭੀਖ, ਤਪੱਸਿਆ ਤੀਰਥ ਯਾਤਰਾ ਆਤਮ-ਘਾਤ ਔਰਤ ਦੀ ਦੁਰਗਤੀ | ਪੁਨਰ ਜਨਮ/ ਆਵਾਗੌਣ |
| ਬੁੱਧ ਧਰਮ | ਤ੍ਰਿਪਿਤਕਾ | ਰੱਬ ਵਿਚ ਯਕੀਨ | ਸਦਾਚਾਰ ਤਪ ਆਸਥਾ ਮਾਫ਼ੀ | ਨਿਰਵਾਣ |
| ਸ਼ਿੰਤੋਵਾਦ (ਜਪਾਨ ਦਾ ਰਾਜਧਰਮ) | ਕੋਜਿਕੀ | ਕੁਦਰਤ ਦੀ ਪੂਜਾ ਪੁਰਖਿਆਂ ਦੀ ਪੂਜਾ ਰਾਜੇ ਦੀ ਪੂਜਾ | ਕਨਫ਼ਿਊਸ਼ਿਅਸ ਧਰਮ ਵਾਲੀਆਂ ਨੈਤਿਕਤਾਵਾਂ ਵਿਸ਼ਵਾਸ ਤੋਂ ਚੰਗਾਈ ਆਤਮ-ਘਾਤ ਬਾਦਸ਼ਾਹ ਦੀ ਇੱਛਾ | ਕੋਈ ਨਹੀਂ |
| ਜ਼ਰਤੁਸ਼ਤ ਧਰਮ (ਪ੍ਰਾਚੀਨ ਇਰਾਨੀ ਧਰਮ) | ਜ਼ੇਂਦਾਵੇਸਤਾ | ਬਹੁਦੇਵਵਾਦ ਦਵੈਤਵਾਦ | ਨਫ਼ਰਤ ਤਲਵਾਰ | ਕੋਈ ਨਹੀਂ |
| ਕਨਫ਼ਿਊਸ਼ਿਅਸ ਮਤ | ਰਾਜਾ | ਨਾਸਤਿਕ ਵਡੇਰਿਆਂ ਦੀ ਪੂਜਾ | ਨੈਤਿਕਤਾ | ਕੋਈ ਨਹੀਂ |
| ਇਸਲਾਮ | ਕੁਰਾਨ | ਕੱਟੜਵਾਦ ਕਿਸਮਤਵਾਦ ਇਕ ਈਸ਼ਵਰਵਾਦ | ਤਲਵਾਰ ਬਹੁਪਤਨੀਵਾਦ ਨਫ਼ਰਤ ਔਰਤ ਦੀ ਦੁਰਗਤੀ ਪਾਪ ਤੋਂ ਬਚਣਾ ਨਾਮੁਮਕਿਨ | ਆਦਮੀ ਲਈ ਜੰਨਤ ਵਿਚ ਹੂਰਾਂ |
| ਮਸੀਹੀ ਧਰਮ | ਬਾਈਬਲ | ਖ਼ੁਦਾ ਬਾਪ ਇੱਕੋ ਖ਼ੁਦਾ | ਮੁਕਤੀ ਪੁੱਤਰਵਾਦ ਇੱਕੋ-ਪਤਨੀ ਪਿਆਰ ਇਨਸਾਨ ਦੀ ਕਦਰ ਆਸਥਾ ਪਵਿੱਤਰਤਾ | ਰੂਹਾਨੀ ਸਵਰਗ |